ਹਿਦਾਇਤ

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁੱਖੀ

ਸਹਸ /ਸਸਸਸ

ਜਿਲ੍ਹਾ ਬਠਿੰਡਾ

ਪੱਤਰ ਨੰ: ਜੀ-1/1 ( )2025/ 2012 ਮਿਤੀ: 06.11.2025

ਵਿਸ਼ਾ: **ਆਸ਼ਾ ਪ੍ਰੋਜੈਕਟ ਅਤੇ ਲੀਗਲ ਲਿਟਰੇਸੀ ਕਲੱਬ ਲਈ ਨੋਡਲ ਅਫ਼ਸਰ ਦੀ ਨਿਯੁਕਤੀ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ (ਸਸਸਸ/ਸਹਸ) ਨੂੰ , ਲਿਖਿਆ ਜਾਂਦਾ ਹੈ ਕਿ ਆਸ਼ਾ ਪ੍ਰੋਜੈਕਟ ਅਤੇ ਲੀਗਲ ਲਿਟਰੇਸੀ ਕਲੱਬ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਇਸ ਦਫ਼ਤਰ ਵੱਲੋਂ **ਸ੍ਰੀਮਤੀ ਰਿਤੂ ਚੌਧਰੀ (ਹੈੱਡਮਿਸਟ੍ਰੇਸ ਸਹਸ ਲਾਲ ਸਿੰਘ ਬਸਤੀ)** ਨੂੰ, ਆਸ਼ਾ ਪ੍ਰੋਜੈਕਟ ਅਤੇ ਲੀਗਲ ਲਿਟਰੇਸੀ ਕਲੱਬ ਦੀ ਨੋਡਲ ਅਫ਼ਸਰ ਅਤੇ **ਕਸ਼ਿਸ਼ ਕਾਂਸ਼ਲ (ਕੰਪਿਊਟਰ ਅਧਿਆਪਕ ਸਹਸ ਆਦਮਪੁਰਾ )**ਨੂੰ ਸਹਾਇਕ ਨੋਡਲ ਨਿਯੁਕਤ ਕੀਤਾ ਜਾਂਦਾ ਹੈ। ਇਹ ਪ੍ਰੋਜੈਕਟ ਸਮਾਜਿਕ ਜਾਗਰੂਕਤਾ, ਕਾਨੂੰਨੀ ਜਾਣਕਾਰੀ ,ਬਾਲ ਵਿਆਹ , ਵਿਦਿਆਰਥੀਆਂ ਨੂੰ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਅਤੇ ਮਹਿਲਾਵਾਂ ਵਿੱਚ ਹੱਕਾਂ ਦੀ ਸੂਝ ਵਧਾਉਣ ਲਈ ਚਲਾਇਆ ਜਾ ਰਿਹਾ ਹੈ।

**ਇਸ ਪ੍ਰੋਜੈਕਟ ਅਧੀਨ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾ ਸਕਦੀਆਂ ਹਨ:**

1) ਬਾਲ ਵਿਵਾਹ ਤੇ ਕਾਨੂੰਨ ਅਤੇ ਸਮਾਜਿਕ ਵਿਸ਼ਿਆਂ ਨਾਲ ਸੰਬੰਧਤ ਸੈਮੀਨਾਰਾਂ ਦਾ ਆਯੋਜਨ ਕਰਨਾ।

2) ਵਿਦਵਾਨਾਂ ਅਤੇ ਲੀਗਲ ਲੂਮੀਨਰੀਜ਼ (ਕਾਨੂੰਨੀ ਵਿਸ਼ੇਸ਼ ਗਿਆਨ) ਨੂੰ ਸੱਦਣਾ, ਤਾਂ ਜੋ ਵਿਦਿਆਰਥੀਆਂ ਅਤੇ ਸਟਾਫ ਨੂੰ ਜਾਗਰੂਕ ਕੀਤਾ ਜਾ ਸਕੇ।

3) Pocso, ਮਹਿਲਾ ਸਸ਼ਕਤੀਕਰਨ, ਘਰੇਲੂ ਹਿੰਸਾ, ਤੇ ਹੋਰ ਸਮਾਜਕ ਮੁੱਦਿਆਂ 'ਤੇ ਡਾਕੂਮੈਂਟਰੀ ਫਿਲਮਾਂ ਦਿਖਾਉਣਾ।

4) ਵਿਦਿਆਰਥੀਆਂ ਵੱਲੋਂ ਨਾਟਕ ਪ੍ਰਦਰਸ਼ਨ ਕਰਵਾਉਣਾ, ਤਾਂ ਜੋ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚੇ।

5) Any other way

ਹਰ ਗਤੀਵਿਧੀ ਦੀ ਪ੍ਰਮਾਣਿਕਤਾ ਲਈ ਅਖਬਾਰ ਦੀ ਕਟਿੰਗਾਂ ਜਾਂ ਤਸਵੀਰਾਂ ਜ਼ਰੂਰ ਇਕੱਠੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ **ਨੋਡਲ ਅਫ਼ਸਰ ਸ੍ਰੀਮਤੀ ਰਿਤੂ ਚੌਧਰੀ (ਹੈੱਡਮਿਸਟ੍ਰੇਸ ਸਹਸ ਲਾਲ ਸਿੰਘ ਬਸਤੀ)** ਨਾਲ ਸਾਂਝਾ ਕੀਤਾ ਜਾਵੇ।

ਇਸ ਤੋਂ ਇਲਾਵਾ, ਹਰ ਹਫ਼ਤੇ ਦੀ ਕਾਰਜ ਦੀ ਰਿਪੋਰਟ ਲੀਗਲ ਅਸਿਸਟੈਂਟ ਅਤੇ **ਨੋਡਲ ਅਫ਼ਸਰ ਸ੍ਰੀਮਤੀ ਰਿਤੂ ਚੌਧਰੀ (ਹੈੱਡਮਿਸਟ੍ਰੇਸ ਸਹਸ ਲਾਲ ਸਿੰਘ ਬਸਤੀ)** ਨੂੰ ਭੇਜੀ ਜਾਵੇ, ਤਾਂ ਜੋ ਪ੍ਰੋਜੈਕਟ ਦੀ ਪ੍ਰਗਤੀ ਦੀ ਨਿਗਰਾਨੀ ਕੀਤੀ ਜਾ ਸਕੇ। → ਫੋਨ ਨੰ: 9694300565

06/11/25

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

06/11/25